ਆਈ. ਸੀ. ਏ. ਆਰ - ਭਾਰਤੀ ਖੇਤੀਬਾੜੀ ਖੋਜ ਸੰਸਥਾ
ਨਰਮੇ-ਕਪਾਹ ਦੀ ਫ਼ਸਲ ਲਈ (09 ਤੋਂ 15 ਨਵੰਬਰ 2015) ਹਫਤੇ ਲਈ ਸਿਫਾਰਿਸ਼ਾਂ
(52ਵਾਂ ਸਟੈਂਡਰਡ ਹਫ਼ਤਾ)

''ਇਹ ਸਲਾਹਾਂ ਪ੍ਰਾਂਤਿਕ ਖੇਤੀਬਾੜੀ ਯੂਨੀਵਰਸਿਟੀਆਂ ਤੋਂ ਆਈਆਂ ਸਿਫਾਰਿਸ਼ਾਂ ਅਨੁਸਾਰ ਹਨ''

ਮਿਤੀ	ਮੀਂਹ (ਮਿ.ਮੀ.) ਨਵੰਬਰ - 15						
	9	**10**	**11**	**12**	**13**	**14**	**15**
ਪੰਜਾਬ							
ਬਠਿੰਡਾ	0	0	0	0	0	0	0
ਫਿਰੋਜਪੁਰ	0	0	0	0	0	0	0
ਮੁਕਤਸਰ	0	0	0	0	0	0	0
ਮਾਨਸਾ	0	0	0	0	0	0	0
ਹਰਿਆਣਾ							
ਸਰਸਾ	0	0	0	0	0	0	0
ਹਿਸਾਰ	0	0	0	0	0	0	0
ਫਤਿਆਬਾਦ	0	0	0	0	0	0	0
ਰਾਜਸਥਾਨ							
ਹਨੁਮਾਨਗੜ੍ਹ	0	0	0	0	0	0	0
ਸ੍ਰੀ ਗੰਗਾਨਗਰ	0	0	0	0	0	0	0
ਬਾਂਸਵਾੜਾ	0	0	0	0	0	0	0

ਸਲਾਹ

1. ਕਪਾਹ ਦੀ ਫ਼ਸਲ ਦੀ ਦੂਸਰੀ ਚੋਗਾਈ ਚੱਲ ਰਹੀ ਹੈ। ਇਸ ਲਈ ਕਿਸਾਨ ਵੀਰਾਂ ਨੂੰ ਕਪਾਹ ਦੀ ਫ਼ਸਲ ਦੀ ਸਟੋਰੇਜ਼/ਸੰਭਾਲ ਅਤੇ ਮੰਡੀਕਰਣ ਬਹੁਤ ਸੁਚੱਜੇ ਤਰੀਕੇ ਨਾਲ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।
2. ਕਿਸਾਨ ਵੀਰਾਂ ਨੂੰ ਫ਼ਸਲ ਦੀ ਸਾਫ਼ ਚੋਗਾਈ ਦੀ ਸਲਾਹ ਦਿੱਤੀ ਜਾਂਦੀ ਹੈ।
3. ਚੁਗੀ ਕੋਈ ਕਪਾਹ ਵਿਚੋਂ ਸਾਫ਼ ਕਪਾਹ ਤੇ ਟਰੇਸ਼/ਸਿਕਰੀਆਂ ਵਾਲੀ ਕਪਾਹ ਤੋਂ ਅਲੱਗ ਰੱਖੋ ਅਤੇ ਦੋਵਾਂ ਨੂੰ ਨਾ ਮਿਲਾਓ।
4. ਜਦੋਂ ਕਪਾਹ ਦੇ ਟੀਡੇ ਇੱਕ ਤਿਹਾਈ ਖਿੜ ਜਾਣ ਤਾਂ ਉਸ ਸਮੇਂ ਖੇਤ ਦੀ ਸਿੰਜਾਈ ਨਾ ਕਰੋ।
5. ਕਪਾਹ ਦੇ ਗਲੇ ਹੋਏ ਟੀਡਿਆਂ ਅਤੇ ਸਵੇਰ ਸਮੇਂ ਦੀ ਚੋਗਾਈ ਨਾ ਕਰੋ।
6. ਚੁਗੀ ਹੋਈ ਕਪਾਹ ਨੂੰ ਚੰਗੀ ਤਰ੍ਹਾਂ ਸੁਕਾ ਲਓ ਤਾਂ ਜੋ ਇਹਨਾਂ ਨੂੰ ਉਲੀਆਂ ਤੋਂ ਬਚਾਇਆ ਜਾ ਸਕੇ।
7. ਕਪਾਹ ਦੀਆਂ ਛਟੀਆਂ, ਰਹਿੰਦ-ਖੂੰਦ ਅਤੇ ਖ਼ਰਾਬ ਬੀਜ ਦੀ ਸਟੋਰੇਜ਼/ਸੰਭਾਲ ਨਾ ਕਰੋ।